**002/C**

Roll No. ..................

Total No. of Questions : 10]

[Total No. of Printed Pages : 4

**SS**

**2323**

**ਸਲਾਨਾ ਪਰੀਖਿਆ ਪ੍ਰਨਾਲੀ**

# GENERAL PUNJABI

**(Common for All Groups and Vocational Stream)**

**(Evening Session)**

**Time Allowed : 3 Hours** **Maximum Marks : 80**

*ਨੋਟ : (i) ਆਪਣੀ ਉੱਤਰ-ਪੱਤਰੀ ਦੇ ਟਾਈਟਲ ਪੰਨੇ 'ਤੇ ਵਿਸ਼ਾ-ਕੋਡ/ਪੇਪਰ-ਕੋਡ ਵਾਲੇ ਖ਼ਾਨੇ ਵਿੱਚ ਵਿਸ਼ਾ-ਕੋਡ/ਪੇਪਰ-ਕੋਡ **002/C** ਜ਼ਰੂਰ ਦਰਜ ਕਰੋ ।*

*(ii) ਉੱਤਰ-ਪੱਤਰੀ ਲੈਂਦੇ ਹੀ ਇਸ ਦੇ ਪੰਨੇ ਗਿਣ ਕੇ ਦੇਖ ਲਓ ਕਿ ਇਸ ਵਿਚ ਟਾਈਟਲ ਸਹਿਤ **28** ਪੰਨੇ ਹਨ ਅਤੇ ਠੀਕ ਕ੍ਰਮਵਾਰ ਹਨ ।*

*(iii) ਉੱਤਰ-ਪੱਤਰੀ ਵਿੱਚ ਖ਼ਾਲੀ ਪੰਨਾ/ਪੰਨੇ ਛੱਡਣ ਤੋਂ ਬਾਅਦ ਹੱਲ ਕੀਤੇ ਗਏ ਪ੍ਰਸ਼ਨ/ਪ੍ਰਸ਼ਨਾਂ ਦਾ ਮੁਲਾਂਕਣ ਨਹੀਂ ਕੀਤਾ ਜਾਵੇਗਾ ।*

*(iv) 5 ਅੰਕ ਸੁੰਦਰ ਲਿਖਾਈ ਲਈ ਨਿਰਧਾਰਿਤ ਕੀਤੇ ਗਏ ਹਨ । ਇਹ ਅੰਕ ਇਸ ਪ੍ਰਸ਼ਨ-ਪੱਤਰ ਦੇ ਕੁੱਲ ਅੰਕਾਂ-80 ਵਿੱਚ ਹੀ ਰਾਖਵੇਂ ਹਨ ।*

*(v) ਪ੍ਰਸ਼ਨ-ਪੱਤਰ ਦੇ ਕੁੱਲ 10 ਪ੍ਰਸ਼ਨ ਹਨ ।*

*(vi) **ਸਾਰੇ ਪ੍ਰਸ਼ਨ ਜ਼ਰੂਰੀ ਹਨ ।***

*(vii) ਭਾਗ (ੳ), (ਅ), (ੲ) ਅਤੇ (ਸ) ਵਸਤੂਨਿਸ਼ਠ ਪ੍ਰਸ਼ਨਾਂ ਦੇ ਹਨ । ਹਰੇਕ ਪ੍ਰਸ਼ਨ ਦੇ 2 ਅੰਕ ਹਨ ।*

**1.** ਇਹ ਪ੍ਰਸ਼ਨ ਸੁੰਦਰ ਲਿਖਾਈ ਲਈ ਰਾਖਵਾਂ ਹੈ । *5*

**2.** ਵਸਤੂਨਿਸ਼ਠ ਪ੍ਰਸ਼ਨ : *20×2=40*

ਭਾਗ (ੳ) : ਬਹੁ-ਚੋਣਵੇਂ ਪ੍ਰਸ਼ਨ :

(i) ਲੋਕ-ਖੇਡਾਂ ਦੀ ਮੁੱਖ ਖ਼ਾਸੀਅਤ ਕੀ ਹੈ ? *2*

(ੳ) ਵਿਸ਼ੇਸ਼ ਸਿਖਲਾਈ (ਅ) ਵਿਸ਼ੇਸ਼ ਖੇਡ-ਮੈਦਾਨ

(ੲ) ਕਰੜੇ ਨਿਯਮ ਨਹੀਂ ਹੁੰਦੇ (ਸ) ਸਮਾਂ-ਸਥਾਨ ਨਿਸ਼ਚਿਤ ਹੁੰਦਾ ਹੈ

(ii) 'ਸੰਸਕ੍ਰਿਤ' ਵਿੱਚ 'ਹੱਥ' ਨੂੰ ਕੀ ਕਿਹਾ ਗਿਆ ਹੈ ? *2*

(ੳ) ਹਾਥ (ਅ) ਕਾਰ (ੲ) ਹਥੇਲੀ (ਸ) ਕਰ

(iii) 'ਕੁੱਤੇ ਭੌਂਕਦੇ ਰਹਿੰਦੇ ਹਨ ਹਾਥੀ ਲੰਘ ਜਾਂਦੇ ਹਨ' ਅਖਾਉਤ ਕਿਸ ਭਾਵ ਲਈ ਵਰਤੀ ਜਾਂਦੀ ਹੈ ? *2*

(ੳ) ਸਵੈ-ਜਾਗਰੂਕਤਾ ਲਈ

(ਅ) ਆਤਮ-ਚਿੰਤਨ ਲਈ

(ੲ) ਕੰਮ ਕਰਨ ਵਾਲੇ ਬੰਦੇ ਨੁਕਤਾਚੀਨੀ ਦੀ ਪਰਵਾਹ ਨਹੀਂ ਕਰਦੇ

(ਸ) ਆਤਮ-ਪੜਚੋਲ ਲਈ



https://www.punjabboardonline.com

(iv) 'ਮੇਰਾ ਬਚਪਨ' ਕਵਿਤਾ ਵਿੱਚ ਮੂਲ ਰੂਪ 'ਚ ਕਿਹੜਾ ਰਿਸ਼ਤਾ ਵਿਚਰਦਾ ਨਜ਼ਰ ਆਉਂਦਾ ਹੈ ? 2

(ੳ) ਪਿਓ-ਪੁੱਤ (ਅ) ਮਾਂ-ਪੁੱਤ (ੲ) ਮਾਂ-ਪਿਓ (ਸ) ਪਿਓ-ਧੀ

(v) 'ਮਾੜਾ ਬੰਦਾਂ' ਕਹਾਣੀ ਵਿੱਚ ਮਾੜਾ ਬੰਦਾ ਕੌਣ ਹੈ ? 2

(ੳ) ਰਿਕਸ਼ੇ ਵਾਲ਼ਾ (ਅ) ਲੇਖਕ ਦੀ ਪਤਨੀ

(ੲ) ਲੇਖਕ (ਸ) ਤਿੰਨਾਂ ਵਿੱਚੋਂ ਕੋਈ ਵੀ ਨਹੀਂ

ਭਾਗ (ਅ) : ਹੇਠ ਲਿਖੇ ਕਥਨਾਂ ਵਿੱਚੋਂ ਦੱਸੋ ਕਿ ਕਿਹੜਾ ਕਥਨ ਸਹੀ ਹੈ ਅਤੇ ਕਿਹੜਾ ਗ਼ਲਤ :

(i) ਕਢਾਈ ਲਈ ਗੂੜ੍ਹੇ ਰੰਗ ਦਾ ਰੇਸ਼ਮੀ ਧਾਗਾ ਨਹੀਂ ਵਰਤਿਆ ਜਾਂਦਾ ਸੀ । 2

(ii) ਭੰਗੜਾ ਕਬਾਇਲੀ ਨਾਚ ਦੇ ਨਾਲ-ਨਾਲ ਕਿਰਸਾਣੀ-ਨਾਚ ਵੀ ਹੈ ? 2

(iii) ਰੂਹਾਂ ਅਟਕਣ ਨਾਲ਼ ਡਿਗਦੀਆਂ ਨਹੀਂ । 2

(iv) 'ਆਪਣਾ ਦੇਸ਼' ਕਹਾਣੀ ਦਾ ਪਾਤਰ ਨਿਰੰਜਣ ਸਿੰਘ ਪੰਜਾਬ ਵਿੱਚ ਅਧਿਆਪਕ ਲੱਗਾ ਹੁੰਦਾ ਸੀ । 2

(v) ਸਾਰੇ ਪਾਸਿਓ ਸਮੱਸਿਆਵਾਂ ਤੋਂ ਮੁਕਤ ਵਿਅਕਤੀ ਲਈ 'ਅੱਗੇ ਸੱਪ ਤੇ ਪਿੱਛੇ ਸ਼ੀਂਹ' ਅਖਾਉਤ ਢੁਕਵੀਂ ਹੈ । 2

ਭਾਗ (ੲ) : ਖ਼ਾਲੀ ਥਾਵਾਂ ਭਰੋ :

(i) ਕਈ ਹੋਲੀ ਨੂੰ ________ ਕਾਲ ਦੇ ਪ੍ਰਹਿਲਾਦ ਭਗਤ ਦੀ ਕਥਾ ਨਾਲ ਜੋੜਦੇ ਹਨ ।
(ਪੁਰਾਣਿਕ/ਪੁਰਾਤਨ/ਆਧੁਨਿਕ/ਤਤਕਾਲ) 2

(ii) ਆਮ ਕਰਕੇ ਪਹਿਲੇ ਬੱਚੇ ਦਾ ਜਨਮ ਉਸ ਦੇ ________ ਘਰ ਹੁੰਦਾ ਹੈ ।
(ਆਪਣੇ/ਨਾਨਕੇ/ਦਾਦਕੇ/ਪੇਕੇ) 2

(iii) ਅਸ਼ਰਫ਼ੀਆਂ ਦੀ ਲੁੱਟ ਤੇ ________ 'ਤੇ ਮੋਹਰਾਂ । (ਸੋਨਿਆਂ/ਕੋਲਿਆਂ/ਲੋਹਿਆਂ) 2

(iv) ਲੱਗ ਵੇਲਾਂ ਗਲ਼ ________, ਲੱਗ ਕਲੀਆਂ ਗਲ਼ ਗੰਧਾਂ ਸੁੱਤੀਆਂ ।
(ਕਲੀਆਂ/ਤਲੀਆਂ/ਫ਼ਲੀਆਂ/ਛੱਲੀਆਂ) 2

(v) ਜਦੋਂ ਨੀਲੀ ਇੰਦ ਆਂਦੀ, ________ ਮਾਰ ਕੇ ਗੇਟ ਨੂੰ ਖੋਲ੍ਹ ਲੈਂਦੀ ਸੀ ।
(ਲੱਤ/ਪੂਛ/ਧੁੱਸ/ਸਿਰ) 2

ਭਾਗ (ਸ) : ਇੱਕ ਜਾਂ ਦੋ ਸ਼ਬਦਾਂ ਵਿੱਚ ਉੱਤਰ ਦਿਉ :

(i) 'ਸੱਭਯ' ਦਾ ਸ਼ਾਬਦਿਕ ਅਰਥ ਕੀ ਹੈ ? 2

(ii) ਹੋਲੀ ਦਾ ਤਿਉਹਾਰ ਕਿਸ ਦੇਸੀ ਮਹੀਨੇ ਵਿੱਚ ਮਨਾਇਆ ਜਾਂਦਾ ਹੈ ? 2

(iii) 'ਦੋਸਤਾਂ' ਨਾਂ ਦੀ ਕਵਿਤਾ ਦੇ ਕਵੀ ਦਾ ਨਾਂ ਦੱਸੋ । 2

(iv) 'ਆਪਣਾ ਦੇਸ਼' ਕਹਾਣੀ ਦੇ ਕਿਸੇ ਇੱਕ ਪਾਤਰ ਦਾ ਨਾਂ ਦੱਸੋ । 2

(v) 'ਤੂੰ ਮੇਰਾ ਮੁੰਡਾ ਖਿਡਾ ਮੈਂ ਤੇਰੀ ਖੀਰ ਖਾਨੀ ਆਂ' — ਅਖਾਉਤ ਦੀ ਵਰਤੋਂ ਸਥਿਤੀ ਦੱਸੋ । 2



https://www.punjabboardonline.com

3. ਕੋਈ ਦੋ ਪ੍ਰਸ਼ਨਾਂ ਦੇ ਉੱਤਰ ਲਿਖੋ : 2×3=6

(ੳ) ਲੋਕ-ਖੇਡਾਂ ਮਨੁੱਖ ਨੂੰ ਕਿਹੜੀਆਂ-ਕਿਹੜੀਆਂ ਭਾਵਨਾਵਾਂ ਪ੍ਰਦਾਨ ਕਰਦੀਆਂ ਹਨ ? 2

(ਅ) ਫੁਲਕਾਰੀ ਦੀ ਕਢਾਈ ਦੇ ਹੁਨਰ ਨੂੰ ਲੋਕ-ਕਲਾ ਦਾ ਸਿਖਰ ਕਿਉਂ ਮੰਨਿਆ ਜਾਂਦਾ ਹੈ ? 2

(ੲ) ਪੰਜਾਬੀ ਸੱਭਿਆਚਾਰ ਦੇ ਇਤਿਹਾਸਿਕ ਪਿਛੋਕੜ ਬਾਰੇ ਦੱਸੋ । 2

(ਸ) ਪੰਜਾਬ ਦੇ ਮੁੱਖ ਮੌਸਮੀ ਮੇਲੇ ਕਿਹੜੇ-ਕਿਹੜੇ ਹਨ ? 2

(ਹ) ਰਸਮਾਂ-ਰਿਵਾਜਾਂ ਦੇ ਪੈਦਾ ਹੋਣ ਦੇ ਕੀ ਕਾਰਨ ਦੱਸੇ ਗਏ ਹਨ ? 2

4. ਤੁਹਾਡੀ ਹੁਸ਼ਿਆਰਪੁਰ ਵਿਖੇ ਆੜ੍ਹਤ ਦੀ ਦੁਕਾਨ ਹੈ । ਸਮੇਂ ਤੇ ਊਰਜਾ ਦੀ ਬੱਚਤ ਲਈ ਨੇੜਲੇ ਬੈਂਕ-ਮੈਨੇਜਰ ਨੂੰ ਮੋਬਾਈਲ ਬੈਂਕਿੰਗ, ਨੈੱਟ-ਬੈਂਕਿੰਗ ਤੇ ਐੱਮ.ਐੱਮ.ਐੱਸ. ਅਲਰਟ ਸੇਵਾ ਸ਼ੁਰੂ ਕਰਨ ਲਈ ਪੱਤਰ ਲਿਖੋ । 1+3+1=5

**ਜਾਂ**

ਤੁਸੀਂ ਇੱਕ ਸਧਾਰਨ ਕਿਸਾਨ ਦੇ ਪੁੱਤਰ ਹੋ, ਤੁਸੀਂ ਕਰਜ਼ਾ ਲੈ ਕੇ ਦੁੱਧ ਢੋਣ ਲਈ ਟੈਂਕਰ ਖ਼ਰੀਦਿਆ ਹੈ । ਆਪਣੇ ਨੇੜੇ ਦੇ ਮਿਲਕ-ਪਲਾਂਟ ਮੈਨੇਜਰ ਨੂੰ ਚਿੱਠੀ ਲਿਖੋ ਜਿਸ ਵਿੱਚ ਤੁਸੀਂ ਦੁੱਧ-ਇਕੱਤਰ ਕੇਂਦਰਾਂ ਤੋਂ ਮਿਲਕ-ਪਲਾਂਟ ਤੱਕ ਦੁੱਧ ਦੀ ਢੁਆਈ ਲਈ ਆਪਣੀ ਪੇਸ਼ਕਸ਼ ਕਰਦੇ ਹੋਏ ਇਸ ਸੰਬੰਧੀ ਉਹਨਾਂ ਦੇ ਰੇਟਾਂ, ਨਿਯਮਾਂ ਤੇ ਸ਼ਰਤਾਂ ਦੀ ਮੰਗ ਕਰੋ ।

5. ਹੇਠ ਲਿਖੇ ਪੈਰੇ ਦੀ ਸੰਖੇਪ ਰਚਨਾ ਕਰੋ ਅਤੇ ਢੁਕਵਾਂ ਸਿਰਲੇਖ ਵੀ ਲਿਖੋ : 3+1=4

ਧੰਨ ਨੇ ਉਹ ਨੈਣ ਜੋ ਕਦੇ-ਕਦਾਈਂ ਪ੍ਰੇਮ-ਨੀਰ ਨਾਲ਼ ਭਰ ਆਉਂਦੇ ਹਨ । ਰੋਜ਼ ਗੰਗਾ-ਜਲ ਨਾਲ਼ ਤਾਂ ਇਸ਼ਨਾਨ ਹੁੰਦਾ ਹੀ ਏ ਪਰੰਤੂ ਜਿਸ ਪੁਰਖ ਨੇ ਨੈਣਾਂ ਦੀ ਪ੍ਰੇਮ-ਧਾਰਾ ਵਿੱਚ ਕਦੀ ਇਸ਼ਨਾਨ ਕੀਤਾ ਹੈ, ਉਹੀ ਜਾਣਦਾ ਹੈ ਕਿ ਇਸ ਇਸ਼ਨਾਨ ਨਾਲ਼ ਮਨ ਦੇ ਮਲੀਨ ਭਾਵ ਕਿਸ ਤਰ੍ਹਾਂ ਵਗ ਜਾਂਦੇ ਹਨ, ਅੰਤਹਿਕਰਨ ਕਿਵੇਂ ਫੁੱਲ ਵਾਂਗ ਖਿੜ ਜਾਂਦਾ ਹੈ । ਮਨ ਦੀਆਂ ਗੰਢਾਂ ਕਿਸ ਪ੍ਰਕਾਰ ਖੁੱਲ੍ਹ ਜਾਂਦੀਆਂ ਹਨ । ਕੁਟਲਤਾ ਤੇ ਨੀਚਤਾ ਦਾ ਪਰਬਤ ਕਿਵੇਂ ਚਕਨਾਚੂਰ ਹੋ ਜਾਂਦਾ ਹੈ । ਸਾਉਣ-ਭਾਦੋਂ ਦੀ ਵਰਖਾ ਪਿੱਛੋਂ ਜਿਵੇਂ ਬਿਰਖ ਨਵੀਆਂ-ਨਵੀਆਂ ਕਰੂੰਬਲ਼ਾਂ ਨਾਲ਼ ਭਰੇ ਇੱਕ ਵਚਿੱਤਰ ਮਨਮੋਹਣੀ ਸੋਭਾ ਦਿੰਦੇ ਹਨ, ਉਵੇਂ ਇਸ ਪ੍ਰੇਮ-ਇਸ਼ਨਾਨ ਨਾਲ਼ ਮਨੁੱਖ ਦੇ ਅੰਦਰਲੇ ਦੀ ਅਵਸਥਾ ਸੁੱਚੀ, ਕੋਮਲ ਤੇ ਰਸ-ਭਿੰਨੀ ਹੋ ਜਾਂਦੀ ਹੈ । ਪ੍ਰੇਮ-ਧਾਰਾ ਦੇ ਜਲ ਨਾਲ਼ ਸਿੰਜਿਆ ਮਨ ਖਿੜ ਜਾਂਦਾ ਹੈ । ਮਨ ਦੀ ਵਾੜੀ ਵਿੱਚ ਪਵਿੱਤਰ ਭਾਵਾਂ ਦੇ ਬੂਟੇ ਉੱਗਦੇ, ਵਧਦੇ ਤੇ ਫੁਲਦੇ ਹਨ । ਵਰਖਾ ਤੇ ਨਦੀ ਦੇ ਜਲ ਕਾਰਨ ਤਾਂ ਅੰਨ ਪੈਦਾ ਹੁੰਦਾ ਹੈ, ਪਰ ਨੈਣਾਂ ਦੀ ਗੰਗਾ ਪ੍ਰੇਮ ਤੇ ਵਿਰਾਗ ਦੁਆਰਾ ਮਨੁੱਖੀ ਜੀਵਨ ਨੂੰ ਅੱਗ ਤੇ ਬਰਫ਼ ਦੀ ਪਾਹੁਲ ਦਿੰਦੀ ਹੈ ਤੇ ਇੱਕ ਨਵਾਂ ਜਨਮ ਹੁੰਦਾ ਹੈ । ਮਾਨੋ ਕੁਦਰਤ ਨੇ ਹਰ ਬੰਦੇ ਲਈ ਇਸ ਨੈਣ-ਨੀਰ ਦੇ ਰੂਪ ਵਿੱਚ ਮਸੀਹਾ ਭੇਜਿਆ ਹੋਵੇ, ਜਿਸ ਹੱਥੀਂ ਹਰ ਕੋਈ ਨਰ ਤੇ ਨਾਰੀ ਕ੍ਰਿਤਾਰਥ ਹੋ ਸਕਦੇ ਹਨ । ਇਹ ਉਹੋ ਜੰਞੂ ਹੈ ਜਿਸ ਨੂੰ ਪਹਿਨ ਕੇ ਹਰ ਆਦਮੀ ਦਿਜ (ਬ੍ਰਾਹਮਣ) ਹੋ ਸਕਦਾ ਹੈ ।



https://www.punjabboardonline.com

6. ਹੇਠ ਲਿਖੇ ਸ਼ਬਦਾਂ ਵਿੱਚੋਂ ਕਿਸੇ ਇੱਕ ਸ਼ਬਦ-ਸਮੂਹ ਨੂੰ ਸ਼ਬਦ-ਕੋਸ਼ ਤਰਤੀਬ ਅਨੁਸਾਰ ਲਿਖੋ : $6\times\frac{1}{2}=3$

| | |
|---|---|
| ਚਾਸ਼ਨੀ | ਕਿਰਿਆ |
| ਚੋਬਦਾਰ | ਦਸਤਕਾਰ |
| ਚੰਬਲ | ਨਕੇਲ |
| ਚਾਰ ਮਗ਼ਜ਼ | ਬਸੰਤ |
| ਚਪੇੜ | ਮਰੋੜ |
| ਚਾਂਦਨੀ | ਭਗਵਾਨ |

7. ਹੇਠ ਲਿਖੇ ਵਾਕਾਂ ਵਿੱਚੋਂ ਕਿਸੇ ***ਤਿੰਨ*** ਵਾਕਾਂ ਦਾ ਬਰੈਕਟ ਵਿੱਚ ਦਿੱਤੇ ਨਿਰਦੇਸ਼ ਅਨੁਸਾਰ ਵਾਕ-ਵਟਾਂਦਰਾ ਕਰੋ : *3×1=3*

(ੳ) ਤੁਹਾਡੀ ਸਿਆਣਪ ਨੂੰ ਸਭ ਜਾਣਦੇ ਹਨ । (ਪ੍ਰਸ਼ਨ-ਵਾਚਕ ਵਾਕ) *1*

(ਅ) ਖਾਣਾ ਪਰੋਸ ਦਿਓ । (ਕਰਮਣੀ-ਵਾਚਕ ਵਾਕ) *1*

(ੲ) ਉਹ ਸੁੰਦਰ ਅਤੇ ਸੁਚੱਜੀ ਹੈ । (ਸਧਾਰਨ ਵਾਕ) *1*

(ਸ) ਭਾਵੇਂ ਤੁਸੀਂ ਦੌਲਤਮੰਦ ਹੋ ਤਾਂ ਵੀ ਤੁਸੀਂ ਸੁਖੀ ਨਹੀਂ ਹੋ । (ਸੰਜੁਗਤ-ਵਾਕ) *1*

(ਹ) ਮਿਹਨਤ ਸਫ਼ਲ ਹੋਈ । (ਨਾਂਹ-ਵਾਚਕ-ਵਾਕ) *1*

(ਕ) ਫੁੱਲ ਬਹੁਤ ਸੁੰਦਰ ਹੈ । (ਵਿਸ਼ਮੇ-ਵਾਚਕ-ਵਾਕ) *1*

8. ਹੇਠ ਲਿਖੀਆਂ ਅਖਾਉਤਾਂ ਵਿੱਚੋਂ ਕਿਸੇ ***ਤਿੰਨ*** ਨੂੰ ਵਾਕਾਂ ਵਿੱਚ ਵਰਤੋ ਜਾਂ ਉਹਨਾਂ ਦੀ ਵਰਤੋਂ ਦੀਆਂ ਸਥਿਤੀਆਂ ਦੱਸੋ : *3×2=6*

(ੳ) ਛੱਜ ਤਾਂ ਬੋਲੇ ਛਾਣਨੀ ਕਿਉਂ ਬੋਲੇ *2*

(ਅ) ਗੱਲ ਕਹਿੰਦੀ ਤੂੰ ਮੈਨੂੰ ਮੂੰਹੋ ਕੱਢ, ਮੈਂ ਤੈਨੂੰ ਪਿੰਡੋਂ ਕਢਾਉਂਦੀ ਹਾਂ *2*

(ੲ) ਬਿੱਲੀ ਦੇ ਸਿਰ੍ਹਾਣੇ ਦੁੱਧ ਨਹੀਂ ਜੰਮਦਾ *2*

(ਸ) ਮਾਂਹਾਂ-ਮੋਠਾਂ ਵਿੱਚ ਕੋਈ ਵੱਡਾ-ਛੋਟਾ ਨਹੀਂ ਹੁੰਦਾ *2*

(ਹ) ਠੂਠਾ ਫੁੱਟ ਕੇ ਛੰਨਾ ਮਿਲਿਆ *2*

9. ਕਿਸੇ ***ਇੱਕ*** ਕਵਿਤਾ ਦਾ ਕੇਂਦਰੀ ਭਾਵ ਲਿਖੋ : *3*

(ੳ) 'ਐਵੇਂ ਨਾ ਬੁੱਤਾਂ 'ਤੇ ਡੋਲ੍ਹੀ ਜਾਹ ਪਾਣੀ' (ਸੁਰਜੀਤ ਪਾਤਰ)

(ਅ) 'ਚੁੰਮ-ਚੁੰਮ ਰੱਖੋ' (ਨੰਦ ਲਾਲ ਨੂਰਪੁਰੀ)

(ੲ) 'ਦੋਸਤਾਂ' (ਪਿਆਰਾ ਸਿੰਘ ਸਹਿਰਾਈ)

10. ਕਿਸੇ ***ਇੱਕ*** ਕਹਾਣੀ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ : *5*

(ੳ) ਸਤੀਆ ਸੇਈ (ਦਲੀਪ ਕੌਰ ਟਿਵਾਣਾ)

(ਅ) ਘਰ ਜਾਹ ਆਪਣੇ (ਗੁਲਜ਼ਾਰ ਸਿੰਘ ਸੰਧੂ)





https://www.punjabboardonline.com